بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਤੋਬਾ ਅਤੇ ਅਸ਼ਤਗ਼ਫਾਰ ਦੀ ਹਕੀਕਤ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 25 ਅਗਸਤ 2023 ਮਸਜਿਦ ਮੁਬਾਰਕ,ਇਸਲਾਮਾਬਾਦ, ਟਿਲਫੋਰਡ (ਯੂ.ਕੇ)**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ. بِسۡمِ اللّٰهِ الرَّحۡمٰنِ الرَّحِيۡمِ. اَلۡحَمۡدُ لِلّٰهِ رَبِّ الۡعٰلَمِيۡنَ. الرَّحۡمٰنِ الرَّحِيۡمِ. مٰلِكِ يَوۡمِ الدِّيۡنِ. إِيَّاكَ نَعۡبُدُ وَإِيَّاكَ نَسۡتَعِيۡنُ. اِهۡدِنَا الصِّرَاطَ الۡمُسۡتَقِيۡمَ. صِرَاطَ الَّذِيۡنَ أَنۡعَمۡتَ عَلَيۡهِمۡ. غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

**ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :**

**ਰਬੱ ਆਪਣੇ ਬੰਦੀਆਂ ਦਾ ਅਸਤਗ਼ਫ਼ਾਰ ਅਤੇ ਤੋਬਾ ਕਬੂਲ ਕਰਨ ਵਾਲਾ ਹੈ । ਜੇਕਰ ਉਹ ਸੱਚੀ ਤੋਬਾ ਹੋਵੇ, ਕੇਵਲ ਮੂੰਹੋਂ ਸ਼ਬਦ ਹੀ ਨ ਅਦਾ ਹੋ ਰਹੇ ਹੋਣ । ਕੁਰਆਨ ਕਰੀਮ ਵਿਚੱ ਵੱਖੋ ਵਖੱ ਥਾਂਵਾਂ ਉੱਤੇ ਇਸ ਬਾਰੇ ਜ਼ਿਕਰ ਮਿਲਦਾ ਹੈ ਕਿ ਰਬੱ ਸੱਚੀ ਤੋਬਾ ਕਰਨ ਵਾਲੇ ਨੂੰ ਮਾਲ ਅਤੇ ਔਲਾਦ ਬਖ਼ਸ਼ਦਾ ਹੈ ਅਤੇ ਇਹ ਰੱਬੀ ਪ੍ਰਕੋਪ ਤੋਂ ਬਚਣ ਦਾ ਇਕੱ ਸਾਧਨ ਹੈ ।**

**ਅਸਤਗ਼ਫ਼ਾਰ ਕਰਨ ਵਾਲਾ ਰਬੱ ਦੀ ਰਹਿਮਤ ਪ੍ਰਾਪਤ ਕਰਨ ਵਾਲਾ ਬਣਦਾ ਹੈ । ਇਕੱ ਥਾਂ ਰਬੱ ਨੇ ਅਸਤਗ਼ਫ਼ਾਰ ਕਰਨ ਵਾਲੇ ਨੂੰ ਖ਼ੁਸ਼ਖ਼ਬਰੀ ਦਿੰਦੇ ਹੋਏ ਫ਼ਰਮਾਇਆ ਕਿ لَوَجَدُوا اللّٰهَ تَوَّابًا رَّحِيمًا ਅਰਥਾਤ ਉਹ ਜ਼ਰੂਰ ਰਬੱ ਨੂੰ ਬਹੁਤ ਤੋਬਾ ਕਬੂਲ ਕਰਨ ਵਾਲਾ ਅਤੇ ਬਾਰ ਬਾਰ ਰਹਿਮ ਕਰਨ ਵਾਲਾ ਪਾਉਣਗੇ । ਪਰ ਸ਼ਰਤ ਇਹੀ ਹੈ ਕਿ ਹਕੀਕੀ ਅਸਤਗ਼ਫ਼ਾਰ ਅਤੇ ਸੱਚੀ ਤੋਬਾ ਹੋਵੇ ।**

**ਇਕੱ ਹਦੀਸ ਵਿਚੱ ਹਜ਼ਰਤ ਅਨਸ ਰਜ਼ੀ ਅੱਲਾਹ ਅੰਨਹੋ ਤੋਂ ਰਵਾਯਤ ਹੈ ਕਿ ਮੈਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦੇ ਹੋਏ ਸੁਣਿਆ ਹੈ ਕਿ ਪਾਪ ਤੋਂ ਸੱਚੀ ਤੋਬਾ ਕਰਨ ਵਾਲਾ ਇੰਞ ਹੀ ਹੈ । ਜਿਵੇਂ ਉਸ ਨੇ ਕੋਈ ਪਾਪ ਕੀਤਾ ਹੀ ਨਹੀਂ । ਜਦੋਂ ਰਬੱ ਕਿਸੇ ਮਨੁਖੱ ਨੂੰ ਪਿਆਰ ਕਰਦਾ ਹੈ ਤਾਂ ਪਾਪ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ । ਅਰਥਾਤ ਪਾਪ ਨੂੰ ਹਰਕਤ ਦੇਣ ਵਾਲੇ ਤਤੱ ਉਸ ਨੂੰ ਬੁਰਾਈ ਵਲੱੋਂ ਨਹੀਂ ਲੈ ਕੇ ਜਾ ਸਕਦੇ ਅਤੇ ਬੁਰਾਈ ਦੇ ਨਤੀਜੇ ਤੋਂ ਰਬੱ ਉਸ ਨੂੰ ਬਚਾਉਂਦਾ ਹੈ । ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਤੋਬਾ ਦੀ ਨਿਸ਼ਾਨੀ ਬਿਆਨ ਕਰਦੇ ਹੋਏ ਫ਼ਰਮਾਇਆ ਹੈ ਕਿ ਸ਼ਰਮਿੰਦਗੀ ਅਤੇ ਅਫ਼ਸੋਸ ਤੋਬਾ ਦੀਆਂ ਨਿਸ਼ਾਨੀਆਂ ਹਨ ਸੋ, ਹਕੀਕੀ ਤੋਬਾ ਕਰਨ ਵਾਲਾ ਜਿੱਥੇ ਪਾਪਾਂ ਤੋਂ ਪਾਕ ਹੁੰਦਾ ਹੈ । ਉੱਥੇ ਉਸ ਨੂੰ ਰਬੱ ਦਾ ਪਿਆਰ ਵੀ ਮਿਲਦਾ ਹੈ ਅਤੇ ਵਾਰ ਵਾਰ ਰਬੱ ਦੇ ਰਹਿਮ ਤੋਂ ਹਿੱਸਾ ਲੈਂਦਾ ਹੈ ।**

**ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸੱਚੀ ਤੋਬਾ ਦੀ ਸ਼ਰਤ ਬਾਰੇ ਫ਼ਰਮਾਉਂਦੇ ਹਨ ਕਿ ਪਹਿਲੀ ਸ਼ਰਤ ਇਹ ਹੈ ਕਿ ਮੰਦੇ ਖ਼ਿਆਲਾਂ ਅਤੇ ਗ਼ਲਤ ਸੋਚਾਂ ਨੂੰ ਛਡੱ ਦੇਵੇ । ਦੂਜੀ ਸ਼ਰਤ ਇਹ ਹੈ ਕਿ ਹਕੀਕੀ ਸ਼ਰਮਿੰਦਗੀ ਅਤੇ ਅਫ਼ਸੋਸ ਪ੍ਰਕਟ ਕਰੇ । ਤੀਜੀ ਸ਼ਰਤ ਇਹ ਹੈ ਕਿ ਪੱਕਾ ਇਰਾਦਾ ਕਰੇ ਕਿ ਇਹਨਾਂ ਬੁਰਾਈਆਂ ਦੇ ਨੇੜੇ ਨਹੀਂ**

ਜਾਵੇਗਾ ਅਤੇ ਇੱਥੇ ਹੀ ਰੁਕੱ ਨਹੀਂ ਜਾਣਾ ਕਿ ਬੁਰਾਈਆਂ ਦੇ ਨੇੜ੍ਹੇ ਨ ਜਾਣ ਦਾ ਵਚਨ ਕਰ ਲਿਆ ਅਤੇ ਕਾਫ਼ੀ ਹੈ ਸਗੋਂ ਚੰਗਾ ਆਚਰਣ ਅਤੇ ਪਵਿਤੱਰ ਕਰਮ ਉਸ ਦੀ ਥਾਂ ਲੈ ਲੈਣ। ਸੋ, ਇਹ ਹੈ ਹਕੀਕੀ ਤੋਬਾ ਅਤੇ ਹਕੀਕੀ ਅਫ਼ਸੋਸ। ਜਦੋਂ ਇਹ ਹਾਲਤ ਪ੍ਰਾਪਤ ਹੋ ਜਾਵੇ ਤਾਂ ਫ਼ਿਰ ਰਬੱ ਆਪਣੇ ਅਜਿਹੇ ਬੰਦੀਆਂ ਨਾਲ ਪਿਆਰ ਕਰਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਸਤਗ਼ਫ਼ਾਰ ਅਤੇ ਤੋਬਾ ਵਲੱ੍ਹ ਸਾਨੂੰ ਵਾਰ ਵਾਰ ਧਿਆਨ ਦੇਣ ਨੂੰ ਕਹਿੰਦੇ ਹਨ। ਆਪ ਅਲੈਹਿ ਸਲਾਮ ਨੂੰ ਇਸ ਕਦਰ ਚਿੰਤਾ ਸੀ ਕਿ ਕੋਈ ਮੌਕਾ ਅਜਿਹਾ ਨਹੀਂ ਆਇਆ ਕਿ ਜਦੋਂ ਆਪ ਅਲੈਹਿ ਸਲਾਮ ਨੇ ਜਮਾਅਤ ਨੂੰ ਇਸ ਪਾਸੇ ਧਿਆਨ ਦੇਣ ਨੂੰ ਨ ਕਿਹਾ ਹੋਵੇ। ਸੋ, ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਰਬੱ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਅਤੇ ਹੁਕਮਾਂ ਦੀ ਰੌਸ਼ਨੀ ਵਿਚੱ ਬਿਆਨ ਕੀਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਨੂੰ, ਸਦਾ ਸਾਮ੍ਹਣੇ ਰਖੱ ਕੇ ਉਹਨਾਂ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰਨ ਤਾਂ ਕਿ ਬੈਅਤ ਦਾ ਹਕੱ ਅਦਾ ਕਰਨ ਵਾਲੇ ਵੀ ਬਣਨ

ਜੇਕਰ ਅਸੀਂ ਆਪਣੇ ਅੰਦਰ ਪਾਕ ਤਬਦੀਲੀ ਪੈਦਾ ਨ ਕਰਨ ਅਤੇ ਹਕੀਕੀ ਤੋਬਾ ਅਤੇ ਅਸਤਗ਼ਫ਼ਾਰ ਵਲੱ੍ਹ ਧਿਆਨ ਨ ਦੇਣ ਤਾਂ ਸਾਡਾ ਆਪਣੇ ਸੁਧਾਰ ਦਾ ਵਚਨ ਕਰਨਾ ਸਾਨੂੰ ਕੁਝੱ ਲਾਭ ਨਹੀਂ ਦੇ ਸਕਦਾ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਪ੍ਰਕਟ ਹੈ ਕਿ ਮਨੁਖੱ ਆਪਣੀ ਸਰਿਸ਼ਤ ਵਿਚੱ ਬਹੁਤ ਕਮਜ਼ੋਰ ਹੈ ਅਤੇ ਰਬੱ ਦੇ ਕਈ ਸੌ ਹੁਕਮਾਂ ਦਾ ਉਸ ਉੱਤੇ ਭਾਰ ਪਾਇਆ ਗਿਆ ਹੈ। ਸੋ, ਉਸ ਦੀ ਸਰਿਸ਼ਤ ਵਿਚੱ ਇਹ ਦਾਖ਼ਲ ਹੈ ਕਿ ਉਹ ਆਪਣੀ ਕਮਜ਼ੋਰੀ ਕਰਕੇ ਕੁਝੱ ਹੁਕਮ ਅਦਾ ਕਰਨ ਤੋਂ ਵਾਂਝਾ ਰਹੇ ਅਤੇ ਕਦੇ ਪਸ਼ੂ ਬਿਰਤੀ ਦੀਆਂ ਕੁਝੱ ਇਛਾਵਾਂ ਉਸ ਉੱਤੇ ਪ੍ਰਭਾਵਿਤ ਹੋ ਜਾਂਦੀਆਂ ਹਨ। ਸੋ, ਉਹ ਆਪਣੀ ਕਮਜ਼ੋਰੀ ਅਤੇ ਸਰਿਸ਼ਤ ਅਨੁਸਾਰ ਹਕੱ ਰਖੱਦਾ ਹੈ ਕਿ ਕਿਸੇ ਸਮੇਂ ਉਹ ਤੋਬਾ ਅਸਤਗ਼ਫ਼ਾਰ ਕਰੇ ਤਾਂ ਰਬੱ ਦੀ ਰਹਿਮਤ ਉਸ ਨੂੰ ਹਲਾਕ ਹੋਣ ਤੋਂ ਬਚਾਏ ਇਸ ਲਈ ਇਹ ਯਕੀਨੀ ਗਲੱ੍ਹ ਹੈ ਕਿ ਜੇਕਰ ਰਬੱ ਤੋਬਾ ਕਬੂਲ ਕਰਨ ਵਾਲਾ ਨ ਹੁੰਦਾ ਤਾਂ ਮਨੁਖੱ ਉੱਤੇ ਕਈ ਸੌ ਹੁਕਮਾਂ ਦਾ ਭਾਰ ਨ ਪਾਇਆ ਜਾਂਦਾ। ਇਸ ਨਾਲ ਸਾਬਤ ਹੁੰਦਾ ਹੈ ਕਿ ਰਬੱ 'ਤੱਵਾਬ' ਅਤੇ 'ਗ਼ਫ਼ੂਰ' ਹੈ ਅਤੇ ਤੋਬਾ ਦੇ ਇਹ ਅਰਥ ਹਨ ਕਿ ਮਨੁਖੱ ਇਕੱ ਬੁਰਾਈ ਨੂੰ ਇਸ ਇਕਰਾਰ ਨਾਲ ਛਡੱ ਦੇਵੇ ਕਿ ਇਸ ਦੇ ਬਾਦ ਜੇਕਰ ਉਹ ਅਗੱ ਵਿਚੱ ਵੀ ਪਾਇਆ ਜਾਵੇ ਤਦੱ ਵੀ ਉਹ ਬੁਰਾਈ ਕਦੇ ਵੀ ਨਹੀਂ ਕਰੇਗਾ।

ਸੋ, ਇਹ ਸ਼ਰਤ ਹੈ। ਅਜਿਹੀ ਤੋਬਾ ਹੋਣੀ ਚਾਹੀਦੀ ਹੈ। ਸੋ, ਜਦੋਂ ਮਨੁਖੱ ਇਸ ਸੱਚਾਈ ਅਤੇ ਪੱਕੇ ਇਰਾਦੇ ਨਾਲ ਰਬੱ ਵਲੱ ਪਰਤਦਾ ਹੈ ਤਾਂ ਰਬੱ 'ਕਰੀਮ' ਅਤੇ 'ਰਹੀਮ' ਹੈ। ਉਹ ਉਸ ਪਾਪ ਦੀ ਸਜ਼ਾ ਮੁਆਫ਼ ਕਰ ਦਿੰਦਾ ਹੈ ਅਤੇ ਇਹ ਰਬੱ ਦੀ ਉਚੱਤਮ ਸਿਫ਼ਤਾਂ ਵਿੱਚੋਂ ਹੈ ਕਿ ਉਹ ਤੋਬਾ ਕਬੂਲ ਕਰਕੇ ਤਬਾਹ ਹੋਣ ਤੋਂ ਬਚਾ ਲੈਂਦਾ ਹੈ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਅਸੀਂ ਇੰਨ੍ਹੀ ਵਾਰ ਅਸਤਗ਼ਫ਼ਾਰ ਕੀਤਾ। ਸੋ ਜਾਂ ਹਜ਼ਾਰ ਤਸਬੀਹ ਪੜ੍ਹੀ। ਪਰ ਜਦੋਂ ਅਸਤਗ਼ਫ਼ਾਰ ਦਾ ਅਰਥ ਅਤੇ ਮਤਲਬ ਪੁੱਛੋ ਤਾਂ ਹੱਕੇ ਬੱਕੇ ਰਹਿ ਜਾਣਗੇ। ਮਨੁਖੱ ਨੂੰ ਚਾਹੀਦਾ ਹੈ ਕਿ ਹਕੀਕੀ ਤੌਰ ਉੱਤੇ ਦਿਲ ਹੀ ਦਿਲ ਵਿਚੱ ਮੁਆਫ਼ੀ ਮੰਗਦਾ ਰਹੇ ਕਿ ਉਹ ਪਾਪ ਅਤੇ ਗੁਨਾਹ ਜੋ ਮੈਥੋਂ ਹੋ ਗਏ ਹਨ। ਉਹਨਾਂ ਦੀ ਸਜ਼ਾ ਨ ਭੁਗਤਣੀ ਪਏ। ਉਹ ਮੁਆਫ਼ ਹੋ ਜਾਣ ਅਤੇ ਅੱਗੇ ਤੋਂ ਦਿਲ ਹੀ ਦਿਲ ਵਿਚੱ ਹਰ ਸਮੇਂ ਰਬੱ ਤੋਂ ਮਦਦ ਮੰਗਦੇ ਰਹੇ ਕਿ ਅੱਗੇ ਤੋਂ ਨੇਕ ਕੰਮ ਕਰਨ ਦੀ ਤੌਫ਼ੀਕ ਬਖ਼ਸ਼ੇ ਅਤੇ ਪਾਪ ਤੋਂ ਬਚਾਏ ਰੱਖੇ ਅਤੇ ਨੇਕੀ ਦੀ ਤੌਫ਼ੀਕ ਬਖ਼ਸ਼ੇ। ਇਹੀ ਹਕੀਕੀ ਅਸਤਗ਼ਫ਼ਾਰ ਹੈ। ਰਬੱ ਤਕੱ ਉਹੀ ਗਲੱ੍ਹ ਪਹੁੰਚਦੀ ਹੈ। ਜੋ ਦਿਲ ਤੋਂ ਨਿਕਲਦੀ ਹੈ। ਜੀਭ ਤਾਂ ਕੇਵਲ ਦਿਲ ਦੀ ਗਵਾਹੀ ਦਿੰਦੀ ਹੈ। ਕੇਵਲ ਜ਼ੁਬਾਨੀ ਦੁਆਵਾਂ ਬੇਅਰਥ

ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਾਡੀ ਜਮਾਅਤ ਨੂੰ ਚਾਹੀਦਾ ਹੈ ਕਿ ਕੋਈ ਚੰਗੀ ਤਬਦੀਲੀ ਵੀ ਵਿਖਾਏ । ਜੇਕਰ ਕੋਈ ਵਿਅਕਤੀ ਬੈਅਤ ਕਰਕੇ ਜਾਂਦਾ ਹੈ ਅਤੇ ਕੋਈ ਚੰਗੀ ਤਬਦੀਲੀ ਨਹੀਂ ਵਿਖਾਂਦਾ । ਆਪਣੀ ਪਤਨੀ ਨਾਲ ਉਸੇ ਤਰ੍ਹਾਂ ਦਾ ਸਲੂਕ ਹੈ ਜਿਵੇਂ ਪਹਿਲਾਂ ਸੀ ਅਤੇ ਆਪਣੇ ਘਰਦਿਆਂ ਨਾਲ ਪਹਿਲਾਂ ਵਾਂਗ ਪੈਸ਼ ਆਉਂਦਾ ਹੈ ਤਾਂ ਇਹ ਚੰਗੀ ਗਲੱ ਨਹੀਂ । ਜੇਕਰ ਬੈਅਤ ਦੇ ਬਾਦ ਵੀ ਉਹੀ ਮੰਦਾ ਆਚਰਣ ਅਤੇ ਗੰਦਾ ਵਤੀਰਾ ਰਿਹਾ ਅਤੇ ਉਹੀ ਹਾਲ ਰਿਹਾ ਜੋ ਪਹਿਲਾਂ ਸੀ ਤਾਂ ਫ਼ਿਰ ਬੈਅਤ ਕਰਨ ਦਾ ਕੀ ਲਾਭ ? ਚਾਹੀਦਾ ਹੈ ਕਿ ਬੈਅਤ ਦੇ ਬਾਦ ਗ਼ੈਰਾਂ ਨੂੰ ਵੀ ਅਤੇ ਆਪਣੇ ਰਿਸ਼ਤੇਦਾਰਾਂ ਅਤੇ ਗੁਆਂਡੀਆਂ ਨੂੰ ਵੀ ਅਜਿਹਾ ਨਮੂਨਾ ਬਣ ਕਰ ਵਿਖਾਏ ਕਿ ਉਹ ਬੋਲ ਪੈਣ ਕਿ ਹੁਣ ਇਹ ਉਹ ਨਹੀਂ ਰਿਹਾ ਜੋ ਪਹਿਲਾਂ ਸੀ । ਅਤੇ ਇਹੀ ਹਕੀਕੀ ਅਸਤਗ਼ਫ਼ਾਰ ਦਾ ਨਤੀਜਾ ਹੋਣਾ ਚਾਹੀਦਾ ਹੈ । ਕੁਝੱ ਨਦਾਨ ਪਾਦਰੀਆਂ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਅਸਤਗ਼ਫ਼ਾਰ ਉੱਤੇ ਅਪੱਤੀ ਕੀਤੀ ਅਤੇ ਲਿਖਿੱਆ ਹੈ ਕਿ ਉਹਨਾਂ ਦੇ ਅਸਤਗ਼ਫ਼ਾਰ ਕਰਨ ਨਾਲ (ਰਬੱ ਦੀ ਪਨਾਹ) ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਪਾਪੀ ਹੋਣਾ ਸਾਬਤ ਹੁੰਦਾ ਹੈ । ਇਹ ਨਦਾਨ ਨਹੀਂ ਸਮਝਦੇ ਕਿ ਅਸਤਗ਼ਫ਼ਾਰ ਤਾਂ ਇਕੱ ਉਚੱਤਮ ਸਿਫ਼ਤ ਹੈ । ਮਨੁਖੱ ਕੁਦਰਤੀ ਅਜਿਹਾ ਬਣਿਆ ਹੈ ਕਿ ਕਮਜ਼ੋਰੀ ਉਸ ਵਿਚੱ ਕੁਦਰਤੀ ਹੈ । ਨਬੀ ਇਸ ਕੁਦਰਤੀ ਕਮਜ਼ੋਰੀ ਤੋਂ ਚੰਗੀ ਤਰ੍ਹਾਂ ਜਾਣੂ ਹੁੰਦੇ ਹਨ । ਸੋ, ਉਹ ਅਰਦਾਸ ਕਰਦੇ ਹਨ ਕਿ ਹੇ ਰੱਬਾ ! ਤੂੰ ਸਾਡੀ ਇਹੋ ਜਿਹੀ ਰਾਖੀ ਕਰ ਕਿ ਉਹ ਮਨੁੱਖੀ ਕਮਜ਼ੋਰੀਆਂ ਪ੍ਰਕਟ ਹੀ ਨ ਹੋਣ ।

ਕੋਈ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਆਪਣੀ ਤਾਕਤ ਨਾਲ ਪਾਪ ਤੋਂ ਬਚ ਸਕਦਾ ਹਾਂ । ਸੋ, ਨਬੀ ਵੀ ਬਚਣ ਲਈ ਰਬੱ ਦੇ ਲੋੜ੍ਹਮੰਦ ਹਨ । ਸੋ, ਬੰਦਗੀ ਦੇ ਪ੍ਰਕਟਾਵੇ ਲਈ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਵੀ ਹੋਰ ਨਬੀਆਂ ਵਾਂਗ ਆਪਣੀ ਰਾਖੀ ਰਬੱ ਤੋਂ ਮੰਗਦੇ ਸਨ ।

ਇਸਾਈਆਂ ਦਾ ਇਹ ਖ਼ਿਆਲ ਗ਼ਲਤ ਹੈ ਕਿ ਈਸਾ ਅਲੈਹਿ ਸਲਾਮ ਅਸਤਗ਼ਫ਼ਾਰ ਨਹੀਂ ਕਰਦੇ ਸਨ । ਇੰਜੀਲ ਤੋਂ ਸਾਫ਼ ਅਤੇ ਸਪਸ਼ਟ ਤੌਰ ਉੱਤੇ ਪਤਾ ਲਗੱਦਾ ਹੈ ਕਿ ਉਹਨਾਂ ਨੇ ਥਾਂ ਥਾਂ ਉੱਤੇ ਆਪਣੀਆਂ ਕਮਜ਼ੋਰੀਆਂ ਨੂੰ ਮੰਨਿਆ ਅਤੇ ਅਸਤਗ਼ਫ਼ਾਰ ਵੀ ਕੀਤਾ । ਫ਼ਰਮਾਇਆ : ਅੱਛਾ ਭਲਾ ਦੱਸੋ ਕਿ ایلی ایلی لما سبقتانی ਤੋਂ ਕੀ ਮਤਲਬ ਹੈ ? ابی ابی ਕਿਉਂ ਨਹੀਂ ਕਿਹਾ ? ਇਬਰਾਨੀ ਵਿਚੱ ایل ਰਬੱ ਨੂੰ ਕਹਿੰਦੇ ਹਨ । ਇਸ ਦੇ ਇਹੀ ਅਰਥ ਹਨ ਕਿ ਰਹਿਮ ਕਰ ਅਤੇ ਮਿਹਰ ਕਰ ਅਤੇ ਮੈਨੂੰ ਇੰਝ ਇਕੱਲਾ ਨ ਛਡੱ ਅਰਥਾਤ ਮੇਰੀ ਰਾਖੀ ਕਰ ।

ਹਦੀਸ ਵਿਚੱ ਆਉਂਦਾ ਹੈ ਕਿ ਜੇਕਰ ਮਨੁਖੱ ਰਬੱ ਵਲੱ ਇਕੱ ਫ਼ੁਟੱ ਜਾਂਦਾ ਹੈ ਤਾਂ ਰਬੱ ਉਸ ਵਲੱ ਇਕੱ ਹਥੱ ਆਉਂਦਾ ਹੈ ਜੇਕਰ ਮਨੁਖੱ ਤੁਰ ਕੇ ਜਾਂਦਾ ਹੈ ਤਾਂ ਰਬੱ ਦੌੜ ਕੇ ਆਉਂਦਾ ਹੈ । ਅਰਥਾਤ ਜੇਕਰ ਮਨੁਖੱ ਰਬੱ ਵਲੱ ਧਿਆਨ ਦੇਵੇ ਤਾਂ ਰਬੱ ਵੀ ਰਹਿਮਤ, ਮਿਹਰ ਅਤੇ ਬਖ਼ਸ਼ਿਸ਼ ਵਿਚੱ ਅਥਾਹ ਦਰਜੇ ਦੀ ਉਸ ਉੱਤੇ ਮਿਹਰ ਕਰਦਾ ਹੈ । ਪਰ ਜੇਕਰ ਰਬੱ ਤੋਂ ਮੂੰਹ ਫ਼ੇਰ ਕੇ ਬਹਿ ਜਾਵੇ ਤਾਂ ਰਬੱ ਨੂੰ ਕੀ ਚਿੰਤਾ ਹੈ । ਕੁਰਆਨ ਸ਼ਰੀਫ਼ ਨੇ ਰਬੱ ਦੇ ਦੋ ਨਾਂ ਪੈਸ਼ ਕੀਤੇ ਹਨ । الحی ਅਤੇ القیوم । الحی ਦੇ ਅਰਥ ਹਨ ਰਬੱ ਜ਼ਿੰਦਾ ਅਤੇ ਹੋਰਾਂ ਨੂੰ ਜ਼ਿੰਦਗੀ ਬਖ਼ਸ਼ਣ ਵਾਲਾ ਹੈ ਅਤੇ القیوم ਆਪ ਕਾਯਮ ਅਤੇ ਹੋਰਾਂ ਦੇ ਕਾਯਮ ਹੋਣ ਦਾ ਅਸਲ ਕਾਰਨ ਹੈ । ਹਰ ਇਕੱ ਚੀਜ਼ ਦੇ ਪ੍ਰਕਟ ਅਤੇ ਲੁਕਵੇਂ ਤੌਰ ਉੱਤੇ ਕਾਯਮ ਹੋਣ ਅਤੇ ਜ਼ਿੰਦਗੀ ਇਹਨਾਂ ਦੋਵਾਂ ਸਿਫ਼ਤਾਂ ਕਰਕੇ ਹੈ । ਸੋ, حی ਦਾ ਸ਼ਬਦ ਚਾਹੁੰਦਾ ਹੈ ਕਿ ਉਸ ਦੀ ਇਬਾਦਤ ਕੀਤੀ ਜਾਵੇ ਜਿਵੇਂ ਕਿ ਉਸ ਦਾ ਪ੍ਰਕਟਾਵਾ ਸੂਰਤੁਲ ਫ਼ਾਤਿਹਾ ਵਿਚੱ اِیَّاکَ

نَعبُدُ ਹੈ ਅਤੇ القیوم ਚਾਹੁੰਦਾ ਹੈ ਕਿ ਉਸ ਤੋਂ ਸਹਿਯੋਗ ਲਿਆ ਜਾਵੇ। ਉਸ ਨੂੰ اِیَّاکَ نَستَعِینُ ਦੇ ਸ਼ਬਦ ਨਾਲ ਅਦਾ ਕੀਤਾ ਗਿਆ ਹੈ। ਮਨੁਖੱ ਨੂੰ ਰਬੱ ਦੀ ਲੋੜ ਹਰ ਹਾਲ ਵਿਚੱ ਰਹਿੰਦੀ ਹੈ। ਇਸ ਲਈ ਜ਼ਰੂਰੀ ਹੋਇਆ ਕਿ ਰਬੱ ਤੋਂ ਤਾਕਤ ਮੰਗਦੇ ਰਹਿਣ ਅਤੇ ਇਹੀ ਹਕੀਕੀ ਅਸਤਗ਼ਫ਼ਾਰ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚੰਗੇ ਕਰਮ ਅਤੇ ਇਬਾਦਤ ਵਿਚੱ ਸੁਆਦ ਆਪਣੇ ਵੱਲੋਂ ਨਹੀਂ ਹੋ ਸਕਦਾ। ਇਹ ਰੱਬੀ ਮਿਹਰ ਅਤੇ ਤੌਫ਼ੀਕ ਨਾਲ ਮਿਲਦਾ ਹੈ। ਇਸ ਲਈ ਜ਼ਰੂਰੀ ਹੈ ਕਿ ਮਨੁਖੱ ਘਬਰਾਏ ਨਹੀਂ ਅਤੇ ਰਬੱ ਤੋਂ ਉਸ ਦੀ ਤੌਫ਼ੀਕ ਅਤੇ ਕਿਰਪਾ ਲਈ ਅਰਦਾਸ ਕਰਦਾ ਰਹੇ। ਇਬਾਦਤ ਦਾ ਸ਼ੌਕ ਵੀ ਰਬੱ ਤੋਂ ਮੰਗੇ ਅਤੇ ਉਹਨਾਂ ਅਰਦਾਸਾਂ ਵਿਚੱ ਥਕੱ ਨ ਜਾਵੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਖ਼ੂਬ ਯਾਦ ਰੱਖੋ ਕਿ ਰਬੱ ਨੂੰ ਛਡੱ ਕੇ ਦਵਾ ਅਤੇ ਤਰਕੀਬ ਉੱਤੇ ਭਰੋਸਾ ਕਰ ਲੈਣਾ ਬੇਵਕੂਫ਼ੀ ਹੈ। ਆਪਣੇ ਜੀਵਨ ਵਿਚੱ ਅਜਿਹੀ ਤਬਦੀਲੀਆਂ ਪੈਦਾ ਕਰੋ ਕਿ ਮਾਲੂਮ ਹੋਵੇ ਕਿ ਜਿਵੇਂ ਨਵਾਂ ਜੀਵਨ ਅਸਤਗ਼ਫ਼ਾਰ ਦਾ ਜੀਵਨ ਹੈ। ਬਹੁਤ ਅਸਤਗ਼ਫ਼ਾਰ ਕਰੋ। ਜਿੰਨ੍ਹਾਂ ਲੋਕਾਂ ਕੋਲ੍ਹ ਸੰਸਾਰਿਕ ਕੰਮਾਂ ਕਾਰਾਂ ਕਰਕੇ ਸਮੇਂ ਦੀ ਘਾਟ ਹੈ। ਉਹਨਾਂ ਨੂੰ ਸਭ ਤੋਂ ਵਧੱ ਡਰਨਾ ਚਾਹੀਦਾ ਹੈ। ਨੌਕਰੀਆਂ ਕਰਨ ਵਾਲੇ ਆਮ ਤੌਰ ਉਤੇ ਰੱਬੀ ਕਰਤਵੱ ਅਦਾ ਨਹੀਂ ਕਰ ਪਾਉਂਦੇ। ਇਸ ਲਈ ਮਜਬੂਰੀ ਦੀ ਹਾਲਤ ਵਿਚੱ ਜ਼ੌਹਰ ਤੇ ਅਸਰ ਅਤੇ ਮਗ਼ਰਿਬ ਤੇ ਇਸ਼ਾ ਦੀ ਨਮਾਜ਼ਾਂ ਦਾ ਜਮ੍ਹਾਂ ਕਰਕੇ ਪੜ੍ਹ ਲੈਣਾ ਠੀਕ ਹੈ। ਬਹੁਤ ਮਜਬੂਰੀ ਹੈ ਤਾਂ ਜਮ੍ਹਾਂ ਕਰਕੇ ਪੜ ਲਓ। ਪਰ ਅਸਲ ਤਾਂ ਇਹ ਹੀ ਹੈ ਕਿ ਆਪਣੇ ਸਮੇਂ ਉੱਤੇ ਅਦਾ ਕੀਤੀਆਂ ਜਾਣ। ਰਬੱ ਅਤੇ ਬੰਦੀਆਂ ਦੇ ਹੱਕਾਂ ਵਿਚੱ ਜ਼ੁਲਮ ਨ ਕਰੋ। ਆਪਣੇ ਕਰਤਵੱ ਇਮਾਨਦਾਰੀ ਨਾਲ ਅਦਾ ਕਰੋ।

ਸੋ, ਅਸਤਗ਼ਫ਼ਾਰ ਅਤੇ ਤੋਬਾ ਦਾ ਤਦੱ ਹੀ ਲਾਭ ਹੈ। ਜਦੱ ਮੁਢੱਲੇ ਹੁਕਮਾਂ ਨੂੰ ਵੀ ਸਾਮ੍ਹਣੇ ਰਖੱ ਕੇ ਸਹੀ ਪੈਰਵੀ ਕੀਤੀ ਜਾਵੇ। ਨਮਾਜ਼ਾਂ ਦੇ ਪਾਬੰਦ, ਰਬੱ ਅਤੇ ਬੰਦੀਆਂ ਦੇ ਹਕੱ ਵੀ ਅਦਾ ਹੋਣ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਨ ਕਹੋ ਕਿ ਤੋਬਾ ਮਨਜ਼ੂਰ ਨਹੀਂ ਹੁੰਦੀ। ਯਾਦ ਰੱਖੋ ਕਿ ਤੁਸੀਂ ਆਪਣੇ ਕਰਮਾਂ ਤੋਂ ਕਦੇ ਬਚ ਨਹੀਂ ਸਕਦੇ। ਸਦਾ ਕਿਰਪਾ ਬਚਾਉਂਦੀ ਹੈ ਨ ਕਰਮ। ਫ਼ਿਰ ਫ਼ਰਮਾਇਆ: ਹੇ ਰਹੀਮ ਅਤੇ ਕਰੀਮ! ਸਾਡੇ ਉੱਤੇ ਮਿਹਰ ਕਰ ਕਿ ਅਸੀਂ ਤੇਰੇ ਬੰਦੇ ਹਾਂ ਅਤੇ ਤੇਰੇ ਬੂਹੇ ਉੱਤੇ ਆਏ ਹਾਂ।

ਰਬੱ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਦਾ ਵਾਰਸ ਬਣਾਏ ਅਤੇ ਤੋਬਾ ਅਤੇ ਅਸਾਗ਼ਫ਼ਾਰ ਦੇ ਹਕੀਕੀ ਅਰਥਾਂ ਨੂੰ ਸਮਝਦੇ ਹੋਏ। ਅਸਤਗ਼ਫ਼ਾਰ ਦੀ ਹਕੀਕਤ ਨੂੰ ਸਮਝਦੇ ਹੋਏ ਅਸਤਗ਼ਫ਼ਾਰ ਅਤੇ ਤੋਬਾ ਕਰਨ ਵਾਲੇ ਹੋਣ।

ਖ਼ੁਤਬਾ ਜੁਮਆ ਦੇ ਅੰਤ ਉੱਤੇ ਹਜ਼ੂਰੇ ਅਨਵਰ ਨੇ 04 ਸਵਰਗਵਾਸੀਆਂ ਅਤੇ ਉਹਨਾਂ ਦੀਆਂ ਸੇਵਾਵਾਂ ਦਾ ਜ਼ਿਕਰ ਕੀਤਾ ਅਤੇ ਜੁਮਆ ਦੀ ਨਮਾਜ਼ ਦੇ ਬਾਦ ਉਹਨਾਂ ਸਵਰਗਵਾਸੀਆਂ ਦੀ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਫ਼ਰਮਾਇਆ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔